## ਇੰਡੀਪੈਨਡੈਂਟ ਰਾਈਟਸ ਐਡਵਾਈਸ ਸਰਵਿਸ (ਆਈ ਆਰ ਏ ਐੱਸ) ਕੀ ਹੈ?

ਆਈ ਆਰ ਏ ਐੱਸ ਇਕ ਨਵੀਂ ਸਰਵਿਸ ਹੈ ਜਿਹੜੀ ਬੀ ਸੀ ਵਿਚ ਅਣਇੱਛਤ (ਇਨਵਾਲੰਟੀਅਰੀ) ਮਰੀਜ਼ਾਂ ਨੂੰ ਹੱਕਾਂ ਦੇ ਸਲਾਹਕਾਰਾਂ ਨਾਲ ਜੋੜਦੀ ਹੈ।

ਸਲਾਹਕਾਰ (ਰਾਈਟਸ ਐਡਵਾਈਜ਼ਰਜ਼) ਤੁਹਾਡੇ ਹੱਕਾਂ ਬਾਰੇ ਦੱਸਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ, ਅਤੇ ਤੁਹਾਡੀਆਂ ਚੋਣਾਂ ਦੱਸਦੇ ਹਨ।

**ਆਜ਼ਾਦ**
ਸਲਾਹਕਾਰ ਸਰਕਾਰ, ਸਥਾਨ, ਜਾਂ ਹੈਲਥ ਕੇਅਰ ਟੀਮ ਨਾਲ ਕੰਮ ਨਹੀਂ ਕਰਦੇ।

**ਗੁਪਤ**
ਸਲਾਹਕਾਰ ਤੁਹਾਨੂੰ ਪ੍ਰਾਈਵੇਟ ਵਿਚ ਮਿਲਦੇ ਹਨ ਅਤੇ ਉਹ ਤੁਹਾਡੇ ਨਾਲ ਹੋਈ ਗੱਲਬਾਤ ਕਿਸੇ ਨੂੰ ਨਹੀਂ ਦੱਸਦੇ। ਤੁਸੀਂ ਆਪਣੀ ਮੀਟਿੰਗ ਵਿਚ ਮਦਦ ਕਰਨ ਵਾਲੇ ਕਿਸੇ ਵਿਅਕਤੀ ਨੂੰ ਸੱਦ ਸਕਦੇ ਹੋ।

ਨਾਬਾਲਗਾਂ ਲਈ, ਸਲਾਹਕਾਰ, ਤੁਹਾਡੇ ਇਲਾਜ ਵਿਚ ਤੁਹਾਡੇ ਮਾਪਿਆਂ/ਗਾਰਡੀਅਨਾਂ ਦੀ ਸ਼ਮੂਲੀਅਤ (involvement) ਬਾਰੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ।

**ਮੁਫਤ**
ਤੁਸੀਂ ਸਲਾਹਕਾਰ ਨਾਲ ਮੁਫਤ ਮਿਲ ਸਕਦੇ ਹੋ। ਤੁਸੀਂ ਆਪਣੇ ਹੈਲਥ ਕੇਅਰ ਪ੍ਰੋਵਾਈਡਰ ਨੂੰ ਦੱਸ ਸਕਦੇ ਹੋ ਕਿ ਤੁਸੀਂ ਕਿਸੇ ਸਲਾਹਕਾਰ ਨਾਲ ਕਦੋਂ ਮਿਲਣਾ ਚਾਹੁੰਦੇ ਹੋ।

ਮੀਟਿੰਗਾਂ ਫੋਨ ਜਾਂ ਵੀਡਿਓ-ਕਾਲ ਰਾਹੀਂ ਹੁੰਦੀਆਂ ਹਨ। ਕੁਝ ਸਥਾਨਾਂ (locations) 'ਤੇ ਮਿਲ ਕੇ ਮੀਟਿੰਗਾਂ ਵੀ ਉਪਲਬਧ ਹਨ। ਸਥਾਨ (facility) ਲਈ ਮੀਟਿੰਗ ਲਈ ਢੁਕਵਾਂ ਕੋਈ ਪ੍ਰਾਈਵੇਟ ਕਮਰਾ ਪ੍ਰਦਾਨ ਕਰਨਾ ਜ਼ਰੂਰੀ ਹੈ।

**ਜਿਵੇਂ ਜਿਵੇਂ ਸਰਵਿਸ ਵਧੇਗੀ, ਸਲਾਹਕਾਰ ਤੱਕ ਪਹੁੰਚ ਕਰਨ ਦੇ ਹੋਰ ਤਰੀਕੇ ਵੀ ਉਪਲਬਧ ਹੋਣਗੇ। ਆਈ ਆਰ ਏ ਐੱਸ ਨੂੰ ਫੋਨ ਕਰੋ ਜਾਂ ਔਨਲਾਈਨ ਜਾਓ:**

604-681-4070 www.irasbc.ca

## ਇਕ ਅਣਇੱਛਤ ਮਰੀਜ਼ ਵਜੋਂ ਆਪਣੇ ਤਜਰਬਿਆਂ ਬਾਰੇ ਮੈਂ ਕਿਵੇਂ ਸ਼ਿਕਾਇਤ ਕਰ ਸਕਦਾ/ਸਕਦੀ ਹਾਂ?

ਸਲਾਹਕਾਰ ਤੁਹਾਨੂੰ ਸ਼ਿਕਾਇਤ ਕਰਨ ਦੀਆਂ ਚੋਣਾਂ ਬਾਰੇ ਦੱਸ ਸਕਦੇ ਹਨ, ਜਿਸ ਵਿਚ ਸ਼ਾਮਲ ਹਨ:

- ਨਿਰਪੱਖ ਦਫਤਰ, ਜਿਵੇਂ ਕਿ **ਓਮਬਡਜ਼ਪਰਸਨ ਦਾ ਦਫਤਰ**
- ਪ੍ਰੋਫੈਸ਼ਨਲਜ਼ ਨੂੰ ਨਿਯਮਬੱਧ ਕਰਨ ਵਾਲੇ (Professional regulators) ਜਿਵੇਂ ਕਿ **ਕੌਲਜ ਔਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼**
- ਹੈਲਥ ਅਥਾਰਟੀ ਦੇ ਸ਼ਿਕਾਇਤ ਦਫਤਰ, ਜਿਵੇਂ ਕਿ **ਪੇਸ਼ੈਂਟ ਕੇਅਰ ਕੁਆਲਟੀ ਆਫਿਸ**



**ਇੰਡੀਪੈਨਡੈਂਟ ਰਾਈਟਸ ਐਡਵਾਈਸ ਸਰਵਿਸ ਨਾਲ ਸੰਪਰਕ ਕਰੋ**

604-681-4070 www.irasbc.ca

[Punjabi] JUNE 2025

# ਤੁਹਾਡੇ ਕਾਨੂੰਨੀ ਹੱਕ

ਬੀ ਸੀ ਮੈਂਟਲ ਹੈਲਥ ਐਕਟ ਹੇਠ ਇਕ ਅਣਇੱਛਤ ਮਰੀਜ਼ ਲਈ



IRAS **Independent Rights Advice Service**

**ਇੰਡੀਪੈਨਡੈਂਟ ਰਾਈਟਸ ਐਡਵਾਈਸ ਸਰਵਿਸ (ਆਈ ਆਰ ਏ ਐੱਸ)**

## ਅਣਇੱਛਤ ਮਰੀਜ਼ ਵਜੋਂ ਮੇਰੇ ਕੀ ਹੱਕ ਹਨ?

ਜਦੋਂ ਤੁਹਾਨੂੰ ਅਣਇੱਛਤ ਮਰੀਜ਼ ਬਣਾਇਆ ਜਾਂਦਾ ਹੈ, ਅਤੇ ਅਣਇੱਛਤ ਮਰੀਜ਼ ਵਜੋਂ ਤਬਦੀਲ ਕੀਤਾ ਜਾਂਦਾ ਹੈ ਜਾਂ ਦੁਬਾਰਾ ਬਣਾਇਆ ਜਾਂਦਾ ਹੈ ਤਾਂ ਹੈਲਥ ਕੇਅਰ ਪ੍ਰੋਵਾਈਡਰਜ਼ ਲਈ ਤੁਹਾਨੂੰ ਤੁਹਾਡੇ ਹੱਕਾਂ ਬਾਰੇ ਦੱਸਣਾ ਜ਼ਰੂਰੀ ਹੈ।

ਤੁਹਾਡੇ ਕਾਨੂੰਨੀ ਹੱਕਾਂ ਵਿਚ ਇਹ ਸ਼ਾਮਲ ਹਨ:

- **ਸਲਾਹਕਾਰ ਨਾਲ ਮਿਲਣ ਦਾ ਹੱਕ**
- **ਫਾਸਿਲਟੀ (ਸਥਾਨ) ਦਾ ਨਾਂ ਅਤੇ ਥਾਂ ਦੱਸੇ ਜਾਣ ਦਾ ਹੱਕ**
- **ਇਹ ਦੱਸੇ ਜਾਣ ਦਾ ਹੱਕ ਕਿ ਤੁਹਾਨੂੰ ਅਣਇੱਛਤ ਮਰੀਜ਼ ਕਿਉਂ ਬਣਾਇਆ ਗਿਆ ਹੈ**
- **ਅਣਇੱਛਤ ਮਰੀਜ਼ ਵਜੋਂ ਨਵਿਆਏ ਜਾਣ ਤੋਂ ਪਹਿਲਾਂ ਕਿਸੇ ਡਾਕਟਰ ਵਲੋਂ ਚੈੱਕ ਕੀਤੇ ਜਾਣ ਦਾ ਹੱਕ**
- **ਮਾਨਸਿਕ ਰੋਗ ਦੇ ਇਲਾਜ ਬਾਰੇ ਕਿਸੇ ਹੋਰ ਡਾਕਟਰ ਦੀ ਰਾਇ ਲੈਣ ਦਾ ਹੱਕ**
- **ਰਿਵੀਊ ਪੈਨਲ ਦੀ ਸੁਣਵਾਈ ਦਾ ਹੱਕ**
- **ਅਦਾਲਤ ਕੋਲ ਅਪਲਾਈ ਕਰਨ ਦਾ ਹੱਕ**
- **ਵਕੀਲ ਤੱਕ ਪਹੁੰਚ ਕਰਨ ਦਾ ਹੱਕ**

ਸਲਾਹਕਾਰ ਨਾਲ ਮਿਲਣ ਜਾਂ ਆਪਣੇ ਵਕੀਲ ਨੂੰ ਫੋਨ ਕਰਨ ਲਈ ਸਥਾਨ (facility) ਵਾਸਤੇ ਫੋਨ ਅਤੇ ਪ੍ਰਾਈਵੇਟ ਕਮਰਾ ਦੇਣਾ ਜ਼ਰੂਰੀ ਹੈ।

**ਸਲਾਹਕਾਰ** ਵਕੀਲ ਜਾਂ ਕਾਨੂੰਨੀ ਐਡਵੋਕੇਟ ਲੈਣ ਲਈ ਤੁਹਾਡੀਆਂ ਚੋਣਾਂ ਬਾਰੇ ਅਤੇ ਇਹ ਦੱਸ ਸਕਦਾ ਹੈ ਕਿ ਲੀਗਲ ਏਡ ਲਈ ਕਿਵੇਂ ਅਪਲਾਈ ਕਰਨਾ ਹੈ।

## ਮੈਨੂੰ ਅਣਇੱਛਤ ਮਰੀਜ਼ ਕਿਉਂ ਬਣਾਇਆ ਗਿਆ ਸੀ?

ਮੈਂਟਲ ਹੈਲਥ ਐਕਟ ਕਹਿੰਦਾ ਹੈ ਕਿ ਕੋਈ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤੁਹਾਨੂੰ ਅਣਇੱਛਤ ਮਰੀਜ਼ ਬਣਾ ਸਕਦਾ ਹੈ ਜੇ ਉਹ ਤੁਹਾਨੂੰ ਚੈੱਕ ਕਰਦੇ ਹਨ, ਅਤੇ ਉਨ੍ਹਾਂ ਦੀ ਰਾਇ ਹੈ ਕਿ...

- **ਤੁਹਾਨੂੰ ਕੋਈ ਮਾਨਸਿਕ ਸਮੱਸਿਆ ਹੈ, ਅਤੇ ਇਹ ਆਪਣੇ ਆਲੇ ਦੁਆਲੇ ਵਿਚ ਵਿਚਰਨ ਅਤੇ ਹੋਰਨਾਂ ਨਾਲ ਜੁੜਨ ਦੀ ਤੁਹਾਡੀ ਸਮਰਥਾ ਨੂੰ ਗੰਭੀਰ ਰੂਪ ਵਿਚ ਕਮਜ਼ੋਰ ਕਰਦੀ ਹੈ,**

  ਅਤੇ

- **ਤੁਹਾਨੂੰ ਕਿਸੇ ਸਥਾਨ (facility) ਵਿਚ ਜਾਂ ਸਥਾਨ (facility) ਰਾਹੀਂ ਮਾਨਸਿਕ ਇਲਾਜ ਦੀ ਲੋੜ ਹੈ,**

  ਅਤੇ

- **ਤੁਹਾਡੀ ਜਾਂ ਹੋਰਨਾਂ ਦੀ ਰੱਖਿਆ ਕਰਨ ਲਈ ਤੁਹਾਡਾ ਸਥਾਨ ਵਿਚ ਹੋਣਾ ਜਾਂ ਨਿਗਰਾਨੀ ਹੇਠ ਹੋਣਾ ਜ਼ਰੂਰੀ ਹੈ। ਇਸ ਵਿਚ ਤੁਹਾਨੂੰ ਮਾਨਸਿਕ ਜਾਂ ਸਰੀਰਕ ਤੌਰ 'ਤੇ ਬਹੁਤ ਜ਼ਿਆਦਾ ਬੀਮਾਰ ਹੋਣ ਤੋਂ ਰੋਕਣਾ ਸ਼ਾਮਲ ਹੈ,**

  ਅਤੇ

- **ਜੇ ਤੁਹਾਨੂੰ ਇੱਛਤ (ਵਾਲੰਟੀਅਰੀ) ਮਰੀਜ਼ ਵਜੋਂ ਦਾਖਲ ਕੀਤਾ ਜਾਂਦਾ ਹੈ ਤਾਂ ਤੁਸੀਂ ਸਥਾਨ ਵਿਚ ਨਹੀਂ ਰਹੋਗੇ ਅਤੇ ਮਾਨਸਿਕ ਇਲਾਜ ਲਈ ਸਹਿਮਤ ਨਹੀਂ ਹੋਵੋਗੇ।**

ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਪਹਿਲੇ ਸਰਟੀਫਿਕੇਟ (ਫਾਰਮ 4.1) 'ਤੇ ਕਾਰਨ ਲਿਖਣਗੇ ਕਿ ਉਹ ਇਹ ਕਿਉਂ ਸਮਝਦੇ ਹਨ ਕਿ ਤੁਸੀਂ ਸਾਰੇ ਚਾਰੇ ਮਾਪਦੰਡ ਪੂਰੇ ਕਰਦੇ ਹੋ ਅਤੇ ਕੋਈ ਹੋਰ ਡਾਕਟਰ ਦੂਜੇ ਸਰਟੀਫਿਕੇਟ (ਫਾਰਮ 4.2) ਉੱਪਰ ਕਾਰਨ ਲਿਖੇਗਾ।





## ਮੇਰੇ ਅਣਇੱਛਤ ਮਰੀਜ਼ ਹੋਣ 'ਤੇ ਕੀ ਹੁੰਦਾ ਹੈ?

ਤੁਹਾਨੂੰ ਹੈਲਥ ਕੇਅਰ ਪ੍ਰੋਵਾਈਡਰਜ਼ ਦੀ ਮਨਜ਼ੂਰੀ ਤੋਂ ਬਿਨਾਂ ਸਥਾਨ ਛੱਡ ਕੇ ਜਾਣ ਦੀ ਆਗਿਆ ਨਹੀਂ ਹੈ। ਹੈਲਥ ਕੇਅਰ ਪ੍ਰੋਵਾਈਡਰਜ਼ ਤੁਹਾਡੀ ਸਹਿਮਤੀ ਤੋਂ ਬਿਨਾਂ ਤੁਹਾਡੇ ਮਾਨਸਿਕ ਰੋਗ ਦਾ ਇਲਾਜ ਕਰ ਸਕਦੇ ਹਨ ਜਿਵੇਂ ਕਿ ਦਵਾਈ ਦੇਣਾ।

## ਅਣਇੱਛਤ ਮਰੀਜ਼ ਵਜੋਂ ਮੈਨੂੰ ਕਿੰਨਾ ਸਮਾਂ ਰਹਿਣਾ ਪਵੇਗਾ?

ਇਹ ਫੈਸਲਾ ਤੁਹਾਡੇ ਡਾਕਟਰ ਵਲੋਂ ਕੀਤਾ ਜਾਂਦਾ ਹੈ। ਤੁਸੀਂ ਇੰਨੇ ਸਮੇਂ ਲਈ ਇਕ ਅਣਇੱਛਤ ਮਰੀਜ਼ ਹੋ ਸਕਦੇ ਹੋ

- ਪਹਿਲੇ ਸਰਟੀਫਿਕੇਟ (ਫਾਰਮ 4.1) ਹੇਠ 48 ਘੰਟਿਆਂ ਤੱਕ
- ਦੂਜੇ ਸਰਟੀਫਿਕੇਟ (ਫਾਰਮ 4.2) ਹੇਠ ਇਕ ਮਹੀਨੇ ਤੱਕ

ਜੇ ਇਕ ਮਹੀਨੇ ਬਾਅਦ ਡਾਕਟਰ ਦੀ ਰਾਇ ਹੈ ਕਿ ਤੁਸੀਂ ਅਜੇ ਵੀ ਚਾਰੇ ਮਾਪਦੰਡ ਪੂਰੇ ਕਰਦੇ ਹੋ ਤਾਂ ਉਹ ਤੁਹਾਨੂੰ ਲੰਮੇ ਸਮੇਂ ਲਈ ਰੱਖਣ ਲਈ ਇਕ ਰੀਨੁਅਲ ਸਰਟੀਫਿਕੇਟ (ਫਾਰਮ 6) ਭਰ ਸਕਦੇ ਹਨ। ਤੁਸੀਂ ਰਿਵੀਊ ਪੈਨਲ ਦੀ ਸੁਣਵਾਈ (ਫਾਰਮ 7) ਜਾਂ ਅਦਾਲਤ ਵਿਚ ਡਾਕਟਰ ਦੇ ਫੈਸਲੇ ਨੂੰ ਚੁਣੌਤੀ ਦੇ ਸਕਦੇ ਹੋ।

## ਜੇ ਮੈਂ ਜ਼ਿਆਦਾ ਸਮੇਂ ਲਈ ਛੁੱਟੀ 'ਤੇ ਹੋਵਾਂ ਤਾਂ ਕੀ ਹੁੰਦਾ ਹੈ?

ਤੁਸੀਂ ਅਜੇ ਵੀ ਅਣਇੱਛਤ ਮਰੀਜ਼ ਹੋ, ਪਰ ਤੁਹਾਨੂੰ ਖਾਸ ਸ਼ਰਤਾਂ ਹੇਠ ਸਥਾਨ ਤੋਂ ਬਾਹਰ ਰਹਿਣ ਦੀ ਆਗਿਆ ਹੈ। ਮੈਂਟਲ ਹੈਲਥ ਐਕਟ ਹੇਠ ਤੁਹਾਡੇ ਓਹੀ ਹੱਕ ਹਨ।